# ਪ੍ਰੈਸ ਨੋਟ

ਜਿਲਾ ਪ੍ਰਸ਼ਾਸ਼ਨ ਅੰਮ੍ਰਿਤਸਰ ਵਲੋ ਜਿਲਾ ਰੈਡ ਕਰਾਸ ਸੁਸਾਇਟੀ ਵਿਖੇ ਮਿਤੀ 1/1/2008 ਤੋ ਪੰਘੂੜਾ ਸਕੀਮ ਸ਼ੁਰੂ ਕੀਤੀ ਗਈ ਸੀ । ਇਸ ਸਕੀਮ ਅਧੀਨ ਰੈਡ ਕਰਾਸ ਦਫਤਰ ਦੇ ਬਾਹਰ ਇੱਕ ਪੰਘੂੜਾ ਸਥਾਪਿਤ ਕੀਤਾ ਗਿਆ ਹੈ , ਕੋਈ ਵੀ ਲਵਾਰਸ ਅਤੇ ਪਾਲਣ ਪੋਸਣ ਤੋ ਅਸਮਰਥ ਰਹਿਣ ਵਾਲੇ ਮਾਪੇ ਅਣਚਾਹੇ ਬੱਚੇ ਨੂੰ ਇਸ ਪੰਘੂੜੇ ਵਿਚ ਰਖ ਸਕਦੇ ਹਨ । ਬੱਚਾ ਪੰਘੂੜੇ ਵਿਚ ਪ੍ਰਾਪਤ ਹੋਣ ਉਪਰੰਤ ਇਸ ਬਚੇ ਨੂੰ ਰੈਡ ਕਰਾਸ ਵਲੋ ਮੈਡੀਕਲ ਕਰਵਾਉਣ ਲਈ ਪਾਰਵਤੀ ਦੇਵੀ ਹਸਪਤਾਲ ਰਣਜੀਤ ਐਵੀਨਿਊ ਤੋ ਮੈਡੀਕਲ ਸਹਾਇਤਾ ਦਿਵਾ ਕੇ ਤੰਦਰੁਸਤ ਹਾਲਤ ਵਿਚ ਬੱਚੇ ਦੀ ਸੁਰਖਿਆ ,ਪਾਲਣ ਪੋਸਣ ਅਤੇ ਚੰਗੇ ਭਵਿਖ ਲਈ ਸਰਕਾਰ ਵਲੋ ਘੋਸ਼ਿਤ ਕੀਤੀਆਂ ਸੰਸਥਾਵਾਂ (LAPA) ਲੀਗਲ ਅਡਾਪਸ਼ਨ ਐਡ ਪਲੇਸਮੈਟ ਏਜੰਸੀ ) ਵਿਚ ਬਚੇ ਦੀ ਪ੍ਰਵਰਿਸ਼ ਲਈ ਤਬਦੀਲ ਕਰ ਦਿਤਾ ਜਾਦਾ ਹੈ । ਜੇਕਰ ਕਿਸੇ ਨੇ ਬਚਾ ਗੋਦ ਲੈਣਾ ਹੋਵੇ ਤਾ ਉਹ ਆਨ ਲਾਈਨ ਵੈਬ ਸਾਈਟ ਜੋ ਕਿ www.cara.nic.in ਰਾਹੀ ਰਜਿਸਟਰੇਸ਼ਨ ਕਰਵਾ ਸਕਦੇ ਹਨ ।

ਮਿਤੀ 5/9/2016 ਨੂੰ ਸਵੇਰੇ ਦੇ 11 ਵਜੇ ਕਿਸੇ ਅਣਜਾਣ ਵਿਅਕਤੀ ਵਲੋ ਇਕ 4-5 ਦਿਨ ਦੀ ਲੜਕੀ ਨੂੰ ਪੰਘੂੜੇ ਵਿਚ ਪਾਇਆ ਗਿਆ ਹੈ । ਇਸ ਬਚੀ ਦੇ ਆਉਣ ਨਾਲ ਇਸ ਸਕੀਮ ਅਧੀਨ ਹੁਣ ਤਕ ਬਚਿਆ ਦੀ ਗਿਣਤੀ 141 ਤਕ ਹੋ ਗਈ ਹੈ । ਇਸ ਬਚੀ ਦਾ ਮੈਡੀਕਲ ਪਾਰਵਤੀ ਦੇਵੀ ਹਸਪਤਾਲ ਰਣਜੀਤ ਐਵੀਨਿਊ ਤੋ ਕਰਵਾਇਆ ਗਿਆ ਹੈ । ਬਚੀ ਇਸ ਵੇਲੇ ਬਿਲਕੁਲ ਤੰਦਰੁਸਤ ਹੈ । ਇਸ ਲਈ ਬਚੀ ਨੂੰ ਪਾਲਣ ਪੋਸਣ ਅਤੇ ਕਾਨੂੰਨੀ ਅਡਾਪਸ਼ਨ ਹਿਤ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਜੀ ਵਲੋ ਸਰਕਾਰ ਵਲੋ ਨਿਰਧਾਰਤ ਸੰਸਥਾ ਵਿਖੇ ਭੇਜਿਆ ਜਾਵੇਗਾ । ਜਿਥੇ ਪਹਿਲੇ ਭੇਜੇ ਗਏ ਬਚਿਆ ਵਾਗ ਸਰਕਾਰ ਵਲੋ ਨਿਰਧਾਰਤ ਪਰਕਿਰਿਆ ਪੂਰੀ ਕਰਨ ਉਪਰੰਤ ਸੰਸਥਾ ਵਲੋ ਇਸ ਦੀ ਲੋੜਵੰਦ ਪਰਿਵਾਰ ਨੂੰ ਅਡਾਪਸਨ ਕਰਵਾ ਦਿੱਤੀ ਜਾਵੇਗੀ ।

ਅੱਜ ਮਿਤੀ 09/09/2016 ਨੂੰ ਸ੍ਰੀ ਮਤੀ ਅਮਨਦੀਪ ਕੌਰ, ਪੀ .ਸੀ .ਐਸ, ਸਹਾਇਕ ਕਮਿਸ਼ਨਰ(ਜ) ਅੰਮ੍ਰਿਤਸਰ ਜੀ ਨੇ ਬਚੀ ਨੂੰ ਪੰਘੂੜੇ ਵਿਚ ਪ੍ਰਾਪਤ ਕੀਤਾ ਅਤੇ ਲਾਪਾ ਸਕੀਮ ਅਧੀਨ ਬਚੀ ਨੂੰ ਸਵਾਮੀ ਗੰਗਾ ਨੰਦ ਭੂਰੀ ਵਾਲੇ ਫਾਉਡੇਸ਼ਨ ਧਾਮ ਤਲਵੰਡੀ ਖੁਰਦ , ਲੁਧਿਆਣਾ ਵਿਖੇ ਭੇਜਣ ਦੀ ਪਰਕ੍ਰਿਆ ਪੂਰੀ ਕੀਤੀ । ਇਸ ਸਕੀਮ ਅਧੀਨ ਹੁਣ ਤਕ 122ਲੜਕੀਆਂ ਅਤੇ 19 ਲੜਕੇ ਆ ਚੁਕੇ ਹਨ ।